# ਅਯੋਗਤਾ (ਡਿਸਏਬਿਲਟੀ) ਵਾਲੇ ਬਾਲਗ ਲਈ ਟਰੱਸਟੀ ਵਜੋਂ ਕੰਮ ਕਰਨਾ

*ਇਸ ਬਰੋਸ਼ਰ ਵਿੱਚਲੀ ਜਾਣਕਾਰੀ ਪਬਲਿਕ ਗਾਰਡੀਅਨ ਅਤੇ ਟਰੱਸਟੀ (ਪੀ ਜੀ ਟੀ) ਵਲੋਂ ਪਬਲਿਕ ਸੇਵਾ ਦੇ ਤੌਰ 'ਤੇ ਦਿੱਤੀ ਜਾ ਰਹੀ ਹੈ ਅਤੇ ਇਹ ਉਨ੍ਹਾਂ ਵਿਅਕਤੀਆਂ ਲਈ ਇਕ ਆਮ ਗਾਈਡ ਹੈ, ਜਿਹੜੇ ਕਿਸੇ ਸਮਝ ਸਕਣ ਦੀ ਅਯੋਗਤਾ (ਕਾਗਨੀਟਿਵ ਡਿਸਏਬਿਲਟੀ) ਵਾਲੇ ਬਾਲਗ ਵਾਸਤੇ ਟਰੱਸਟ ਵਿੱਚ ਛੱਡੇ ਗਏ ਪੈਸਿਆਂ ਜਾਂ ਹੋਰ ਜਾਇਦਾਦ ਦੇ ਟਰੱਸਟੀ ਹਨ। ਇਹ ਟਰੱਸਟੀਆਂ ਦੀ ਮਦਦ ਵਾਸਤੇ ਤਿਆਰ ਕੀਤੀ ਗਈ ਹੈ ਪਰ ਇਹ ਕਿਸੇ ਵਕੀਲ ਦੀ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ। ਪੀ ਜੀ ਟੀ ਇਹ ਸੁਝਾਅ ਦਿੰਦਾ ਹੈ ਕਿ ਟਰੱਸਟੀ ਨੂੰ ਟਰੱਸਟ ਅਤੇ ਲਾਭ-ਪਾਤਰ ਵਲੋਂ ਫੈਸਲੇ ਲੈਣ ਤੋਂ ਪਹਿਲਾਂ ਵਕੀਲ ਕੋਲੋਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ। ਇਹ ਬਰੋਸ਼ਰ ਉਹਨਾਂ ਟਰੱਸਟੀਆਂ ਵਾਸਤੇ ਹੈ ਜਿਹੜੇ ਬੀ ਸੀ ਵਿੱਚ ਸਥਿਤ ਟਰੱਸਟ ਦੀ ਦੇਖ-ਭਾਲ ਕਰਦੇ ਹਨ। ਕਨੇਡਾ ਦੇ ਹਰ ਸੂਬੇ ਦੇ ਟਰੱਸਟੀਸ਼ਿੱਪ ਬਾਰੇ ਆਪਣੇ ਕਾਨੂੰਨ ਹਨ।*

## ਟਰੱਸਟ ਕੀ ਹੈ?

*ਟਰੱਸਟ* ਤਿੰਨ ਧਿਰਾਂ (ਪਾਰਟੀਆਂ) ਵਿੱਚਕਾਰ ਇਕ ਕਾਨੂੰਨੀ ਸਮਝੌਤਾ ਹੁੰਦਾ ਹੈ: ਟਰੱਸਟ *ਕਾਇਮ ਕਰਨ ਵਾਲਾ (ਸੈਟਲਰ)* ਵਸੀਅਤ ਜਾਂ ਟਰੱਸਟ ਦਸਤਾਵੇਜ਼ ਰਾਹੀਂ ਟਰੱਸਟ ਕਾਇਮ ਕਰਦਾ ਹੈ, ਇਸ ਵਿੱਚ ਪੈਸੇ ਜਾਂ ਜਾਇਦਾਦ (ਐਸਿਟਸ) ਪਾਉਂਦਾ ਹੈ, ਇਹ ਹਿਦਾਇਤਾਂ ਦਿੰਦਾ ਹੈ ਕਿ ਇਸ ਜਾਇਦਾਦ ਦਾ ਲਾਭ ਕਿਸ ਨੂੰ ਹੋਵੇਗਾ, ਅਤੇ ਇਸ ਜਾਇਦਾਦ ਨੂੰ ਕਿਸ ਤਰ੍ਹਾਂ ਵਰਤਿਆ ਜਾਵੇਗਾ ਜਾਂ ਇਸ ਦਾ ਪ੍ਰਬੰਧ ਕਿਸ ਤਰ੍ਹਾਂ ਕੀਤਾ ਜਾਵੇਗਾ; ਟਰੱਸਟ ਵਿੱਚਲੀ ਜਾਇਦਾਦ ਦਾ ਪ੍ਰਬੰਧ ਕਰਨ ਅਤੇ ਇਸ ਉੱਪਰ ਨਿਗਰਾਨੀ ਰੱਖਣ ਵਾਸਤੇ *ਟਰੱਸਟੀ* ਨਿਯੁਕਤ ਕੀਤਾ ਜਾਂਦਾ ਹੈ; ਅਤੇ ਇਸ ਟਰੱਸਟ ਵਿੱਚਲੀ ਜਾਇਦਾਦ ਦਾ ਲਾਭ-ਪਾਤਰਾਂ ਨੂੰ ਵੱਖਰੇ ਵੱਖਰੇ ਤਰੀਕਿਆਂ ਨਾਲ ਫਾਇਦਾ ਪਹੁੰਚੇਗਾ। ਟਰੱਸਟ ਕਿਸੇ ਦੀ ਵਸੀਅਤ ਦਾ ਹਿੱਸਾ ਹੋ ਸਕਦਾ ਹੈ (ਟੈਸਟਾਮੈਂਟਰੀ ਟਰੱਸਟ) ਜਾਂ ਇਹ ਕਿਸੇ ਵਿਅਕਤੀ ਦੇ ਟਰੱਸਟ ਦਸਤਾਵੇਜ਼ ਦਾ ਹਿੱਸਾ ਹੋ ਸਕਦਾ ਹੈ ਜਿਹੜਾ ਉਸ ਦੇ ਜੀਵਨ ਦੌਰਾਨ ਲਾਗੂ ਹੁੰਦਾ ਹੈ (*ਇੰਟਰ-ਵੀਵੋਜ਼ ਟਰੱਸਟ*)।

## ਟਰੱਸਟੀ ਕੀ ਹੈ?

*ਟਰੱਸਟੀ* ਉਹ ਵਿਅਕਤੀ ਹੁੰਦਾ ਹੈ ਜਿਸ ਨੂੰ ਟਰੱਸਟ ਦੀਆਂ ਸ਼ਰਤਾਂ ਲਾਗੂ ਕਰਵਾਉਣ ਲਈ ਨਿਯੁਕਤ ਕੀਤਾ ਜਾਂਦਾ ਹੈ। ਟਰੱਸਟੀ ਦੇ ਫਰਜ਼ ਕਾਰਜਕਰਤਾ (ਐਗਜ਼ੈਕਟਰ) ਵਾਲੇ ਨਹੀਂ ਹੁੰਦੇ, ਪਰ ਕਈ ਹਾਲਤਾਂ ਵਿੱਚ, ਦੋਵੇ ਕੰਮ ਇਕੋ ਵਿਅਕਤੀ ਵੀ ਕਰਦਾ ਹੋ ਸਕਦਾ ਹੈ। ਟਰੱਸਟੀ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਟਰੱਸਟ ਦਸਤਾਵੇਜ਼ ਵਿੱਚ ਦਿੱਤੀਆਂ ਹਿਦਾਇਤਾਂ ਅਨੁਸਾਰ ਟਰੱਸਟ ਦਾ ਪ੍ਰਬੰਧ ਕਰੇ ਅਤੇ ਟਰੱਸਟ ਵਿੱਚਲੀ ਜਾਇਦਾਦ ਸਿਰਫ ਲਾਭ-ਪਾਤਰਾਂ ਦੇ ਫਾਇਦੇ ਲਈ ਹੀ ਵਰਤੇ। ਕਿਸੇ ਵੀ ਤੀਜੀ ਧਿਰ ਨੂੰ, ਜੇ ਉਹਦੇ ਬਾਰੇ ਟਰੱਸਟ ਦਸਤਾਵੇਜ਼ ਵਿੱਚ ਵਿਸ਼ੇਸ਼ ਹਿਦਾਇਤਾਂ ਨਹੀਂ, ਟਰੱਸਟ ਤੋਂ ਫਾਇਦਾ ਲੈਣ ਦਾ ਕੋਈ ਅਧਿਕਾਰ ਨਹੀਂ ਹੈ।

## ਟਰੱਸਟੀ ਦੇ ਕੀ ਫਰਜ਼ ਹਨ?

ਟਰੱਸਟੀ ਟਰੱਸਟ ਦਸਤਾਵੇਜ਼ ਵਿੱਚਲੀਆਂ ਹਿਦਾਇਤਾਂ, ਬ੍ਰਿਟਿਸ਼ ਕੋਲੰਬੀਆ *ਟਰੱਸਟੀ ਐਕਟ* ਅਤੇ ਅਦਾਲਤ ਦੇ ਫੈਸਲੇ ਦੀ ਸੇਧ ਅਨੁਸਾਰ ਕੰਮ ਕਰਦਾ ਹੈ। ਟਰੱਸਟੀ ਦਾ ਮੁੱਖ ਫਰਜ਼ ਲਾਭ ਪਾਤਰਾਂ ਦੇ ਫਾਇਦੇ ਲਈ ਟਰੱਸਟ ਵਿੱਚਲੀ ਜਾਇਦਾਦ ਦੀ ਟਰੱਸਟ ਦਸਤਾਵੇਜ਼ ਵਿੱਚਲੀਆਂ ਸ਼ਰਤਾਂ ਅਨੁਸਾਰ ਦੇਖਭਾਲ ਕਰਨਾ ਅਤੇ ਪ੍ਰਬੰਧ ਕਰਨਾ ਹੁੰਦਾ ਹੈ। ਟਰੱਸਟੀ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਦੀ ਦੇਖ-ਭਾਲ ਵਿੱਚ ਵੱਧ ਤੋਂ ਵੱਧ ਸਾਵਧਾਨੀ ਵਰਤੇ ਅਤੇ ਹਮੇਸ਼ਾ ਲਾਭ-ਪਾਤਰਾਂ ਦੇ ਹਿੱਤਾਂ ਅਨੁਸਾਰ ਹੀ ਕੰਮ ਕਰੇ।

ਟਰੱਸਟ ਕਾਇਮ ਕਰਨ ਵਾਲੇ ਦੇ ਪਰਿਵਾਰ ਦੇ ਫਾਇਦੇ ਵਾਸਤੇ ਸਥਾਪਤ ਕੀਤੇ ਗਏ ਪ੍ਰਾਈਵੇਟ ਟਰੱਸਟ ਦੇ ਸਬੰਧ ਵਿੱਚ ਟਰੱਸਟੀ ਨੂੰ ਟਰੱਸਟ ਦਸਤਾਵੇਜ਼ ਵਿੱਚਲੀ ਜਾਣਕਾਰੀ ਟਰੱਸਟ ਕਾਇਮ ਕਰਨ ਵਾਲੇ, ਲਾਭ-ਪਾਤਰਾਂ ਅਤੇ ਉਨ੍ਹਾਂ ਦੇ ਕਾਨੂੰਨੀ ਨੁਮਾਇੰਦਿਆਂ, ਟੈਕਸ ਅਧਿਕਾਰੀਆਂ, ਅਦਾਲਤ ਜਾਂ ਪੀ ਜੀ ਟੀ ਨੂੰ ਦੇਣ ਤੋਂ ਬਿਨਾਂ ਕਿਸੇ ਹੋਰ ਨੂੰ ਦੇਣ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ।

ਟਰੱਸਟੀ ਲਾਭ-ਪਾਤਰ ਵਾਸਤੇ ਸਾਂਭੀ ਗਈ ਜਾਇਦਾਦ ਸਬੰਧੀ ਜਵਾਬਦੇਹ ਹੈ। ਇਸ ਕਾਰਨ, ਜ਼ਰੂਰੀ ਹੈ ਕਿ ਟਰੱਸਟੀ ਉਨ੍ਹਾਂ ਸਾਰੇ ਅਦਾਨਾਂ-ਪ੍ਰਦਾਨਾਂ ਦਾ ਰੀਕਾਰਡ ਰੱਖੇ ਜਿਹੜੇ ਉਹ ਕਰਦਾ/ਕਰਦੀ ਹੈ। ਟਰੱਸਟੀ ਨੂੰ ਚਾਹੀਦਾ ਹੈ ਕਿ ਉਹ ਟਰੱਸਟ ਨੂੰ ਹੋਈ ਆਮਦਨ ਸਬੰਧੀ ਸਾਰੀਆਂ ਸਟੇਟਮੈਂਟਾਂ ਨੂੰ ਸਾਂਭੇ, ਅਤੇ ਟਰੱਸਟ ਦੀ ਪੂੰਜੀ ਜਾਂ ਆਮਦਨ ਵਿੱਚੋਂ ਕੀਤੇ ਸਾਰੇ ਖਰਚਿਆਂ ਦਾ ਰੀਕਾਰਡ ਵੀ ਰੱਖੇ। (ਟਰੱਸਟ ਦੀ ਮੁੱਢਲੀ ਜਾਇਦਾਦ ਅਤੇ ਉਸ ਤੋਂ ਹੋਏ ਵਾਧੇ ਨੂੰ ਪੂੰਜੀ ਕਿਹਾ ਜਾਂਦਾ ਹੈ; ਆਮਦਨੀ ਉਹ ਹੁੰਦੀ ਹੈ ਜਿਹੜੀ ਇਸ ਪੂੰਜੀ ਤੋਂ ਕਮਾਈ ਹੁੰਦੀ ਹੈ)।

PUBLIC GUARDIAN
AND TRUSTEE OF
BRITISH COLUMBIA

July 2005

ਟਰੱਸਟੀ ਦੁਆਰਾ ਰੱਖੇ ਜਾਂਦੇ ਰੀਕਾਰਡ ਨੂੰ ਖਾਤੇ (ਅਕਾਊਂਟਸ) ਕਿਹਾ ਜਾਂਦਾ ਹੈ। ਟਰੱਸਟੀ ਨੂੰ *ਟਰੱਸਟੀ ਐਕਟ* ਦੀਆਂ ਸ਼ਰਤਾਂ ਅਨੁਸਾਰ ਟਰੱਸਟੀ ਨਿਯੁਕਤ ਕੀਤੇ ਜਾਣ ਦੇ ਦੋ ਸਾਲਾਂ ਦੇ ਵਿੱਚ ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਤੋਂ ਆਪਣੇ ਖਾਤਿਆਂ ਨੂੰ ਪਾਸ ਕਰਵਾਉਣਾ ਪੈਂਦਾ ਹੈ, ਜੇ ਲਾਭ-ਪਾਤਰਾਂ ਨੇ ਇਸ ਸ਼ਰਤ ਤੋਂ ਛੋਟ ਦਿੱਤੀ ਹੋਵੇ ਤਾਂ ਨਹੀਂ। ਇਸ ਅਮਲ ਨੂੰ "ਖਾਤਿਆਂ ਨੂੰ ਪਾਸ ਕਰਨਾ (ਪਾਸਿੰਗ ਆਫ ਅਕਾਊਂਟਸ)" ਕਿਹਾ ਜਾਂਦਾ ਹੈ। ਟਰੱਸਟ ਦੇ ਲਾਭ-ਪਾਤਰਾਂ, ਜਾਂ ਉਨ੍ਹਾਂ ਦੇ ਕਾਨੂੰਨੀ ਸਰਪ੍ਰਸਤਾਂ ਜਾਂ ਕਮੇਟੀਆਂ ਨੂੰ ਇਹ ਹੱਕ ਹਾਸਲ ਹੈ ਕਿ ਉਹ ਟਰੱਸਟੀ ਤੋਂ ਇਨ੍ਹਾਂ ਖਾਤਿਆਂ ਦੀ ਨਕਲ ਕਿਸੇ ਵੀ ਸਮੇਂ ਮੰਗ ਅਤੇ ਹਾਸਲ ਕਰ ਸਕਦੇ ਹਨ। ਪੀ ਜੀ ਟੀ ਦਾ ਵੀ ਇਹ ਅਧਿਕਾਰ ਹੈ ਕਿ ਉਹ ਖਾਤਿਆਂ ਬਾਰੇ ਜਾਣਕਾਰੀ ਦੀ ਮੰਗ ਕਰ ਸਕਦੇ ਹਨ ਜਦੋਂ ਉਹ ਟਰੱਸਟ ਦੇ ਪ੍ਰਬੰਧ ਬਾਰੇ ਜਾਂਚ ਪੜਤਾਲ ਕਰ ਰਹੇ ਹੋਣ।

ਟਰੱਸਟੀ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਟਰੱਸਟ ਵਲੋਂ ਹਰ ਸਾਲ ਟੈਕਸ ਰੀਟਰਨ ਭਰੇ। ਪੀ ਜੀ ਟੀ ਇਸ ਗੱਲ ਦਾ ਸੁਝਾਅ ਦਿੰਦੀ ਹੈ ਕਿ ਤੁਸੀਂ ਟੈਕਸ ਰੀਟਰਨ ਭਰਨ ਵੇਲੇ ਵਕੀਲ ਜਾਂ ਅਕਾਊਂਟੈਂਟ ਦੀ ਮਦਦ ਲਵੋ।

ਜਦੋਂ ਟਰੱਸਟੀ ਆਪਣੀ ਮਰਜ਼ੀ (ਡਿਸਕਰੈਸ਼ਨ) ਕਰ ਸਕਦਾ ਹੋਵੇ, ਉਹਦੇ ਲਈ ਲਾਭ-ਪਾਤਰ ਨੂੰ ਫਾਇਦਾ ਦੇਣ ਵੇਲੇ ਹੇਠ ਲਿਖੀਆਂ ਗੱਲਾਂ 'ਤੇ ਵਿੱਚਾਰ ਕਰਨਾ ਜ਼ਰੂਰੀ ਹੈ:

- ਟਰੱਸਟ ਦੀਆਂ ਸ਼ਰਤਾਂ
- ਲਾਭ-ਪਾਤਰ ਦੀ ਮੌਜੂਦਾ ਸਥਿਤੀ
- ਕੀ ਲਾਭ-ਪਾਤਰ ਨੂੰ ਮਿਲ਼ਣ ਵਾਲੇ ਹੋਰ ਫਾਇਦਿਆਂ 'ਤੇ ਕੋਈ ਅਸਰ ਪਵੇਗਾ
- ਲਾਭ-ਪਾਤਰ ਨੂੰ ਫਾਇਦਾ ਦੇਣ ਲਈ ਟਰੱਸਟ ਦੀ ਆਰਥਿਕ ਯੋਗਤਾ
- ਟਰੱਸਟ 'ਤੇ ਅਤੇ ਲਾਭ-ਪਾਤਰ 'ਤੇ ਪੈਣ ਵਾਲੇ ਇਨਕਮ ਟੈਕਸ ਸਬੰਧੀ ਅਸਰ
- ਦੂਜੇ ਲਾਭ-ਪਾਤਰਾਂ 'ਤੇ ਹੋਣ ਵਾਲੇ ਸੰਭਾਵੀ ਅਸਰ

ਟਰੱਸਟ ਦੀ ਦੇਖ-ਭਾਲ ਕਰਨ ਸਬੰਧੀ ਸਭ ਤੋਂ ਵੱਧ ਮਹੱਤਵਪੂਰਨ ਨਿਯਮ ਹੈ "ਈਵਨ ਹੈਂਡ ਰੂਲ" ਜਿਸ ਅਨੁਸਾਰ ਜ਼ਰੂਰੀ ਹੈ ਕਿ ਟਰੱਸਟੀ ਨਿਰਪੱਖਤਾ ਨਾਲ ਸਾਰੇ ਲਾਭ-ਪਾਤਰਾਂ ਦੇ ਹੱਕਾਂ ਅਤੇ ਹਿੱਤਾਂ ਨੂੰ ਧਿਆਨ ਵਿੱਚ ਰੱਖੇ, ਜੇ ਟਰੱਸਟ ਦਸਤਾਵੇਜ਼ ਵਿੱਚ ਇਸ ਤੋਂ ਵੱਖਰੀਆਂ ਹਿਦਾਇਤਾਂ ਨਾ ਹੋਣ।

## ਇਹ ਜਾਇਦਾਦ ਕਿਸ ਦੀ ਹੈ?

ਟਰੱਸਟੀ ਦੁਆਰਾ ਸਾਂਭੇ ਪੈਸੇ ਜਾਂ ਹੋਰ ਜਾਇਦਾਦ ਟਰੱਸਟ ਦਾ ਹਿੱਸਾ ਹੈ ਅਤੇ ਇਸ ਦੀ ਵਰਤੋਂ ਸਾਰੇ ਲਾਭ-ਪਾਤਰਾਂ ਦੇ ਫਾਇਦੇ ਵਾਸਤੇ ਹੋਣੀ ਚਾਹੀਦੀ ਹੈ ਨਾ ਕਿ ਟਰੱਸਟੀ ਦੇ ਫਾਇਦੇ ਵਾਸਤੇ। ਟਰੱਸਟੀ ਟਰੱਸਟ ਦੀ ਜਾਇਦਾਦ ਤੋਂ ਜਾਤੀ ਤੌਰ 'ਤੇ ਕੋਈ ਫਾਇਦਾ ਨਹੀਂ ਲੈ ਸਕਦਾ ਸਿਵਾਏ ਉਸ ਵਾਜਬ ਮੁਆਵਜ਼ੇ ਦੇ ਜਿਸ ਦੀ ਅਦਾਲਤ ਵਲੋਂ ਆਗਿਆ ਹੈ। ਟਰੱਸਟੀ ਜਾਇਦਾਦ ਵਿੱਚੋਂ ਪੈਸੇ ਵੀ ਉਧਾਰ ਨਹੀਂ ਲੈ ਸਕਦਾ।

## ਟਰੱਸਟੀ ਟਰੱਸਟ ਦੀ ਜਾਇਦਾਦ ਨੂੰ ਕਿੱਥੇ ਅਤੇ ਕਿਸ ਤਰ੍ਹਾਂ ਸਾਂਭੇ?

ਟਰੱਸਟੀ ਲਈ ਜ਼ਰੂਰੀ ਹੈ ਕਿ ਉਹ ਟਰੱਸਟ ਦੀ ਜਾਇਦਾਦ ਆਪਣੀ ਜਾਇਦਾਦ ਤੋਂ ਵੱਖ ਰੱਖੇ। ਇਸ ਕਾਰਨ, ਜ਼ਰੂਰੀ ਹੈ ਕਿ ਟਰੱਸਟੀ ਟਰੱਸਟ ਦੇ ਪੈਸਿਆਂ ਵਾਸਤੇ ਵੱਖਰਾ ਖਾਤਾ ਖੋਲ੍ਹੇ। ਨਕਦੀ ਜਾਇਦਾਦ ਟਰੱਸਟੀ ਦੇ ਜਾਤੀ ਖਾਤੇ ਵਿੱਚ ਨਹੀਂ ਰੱਖੀ ਜਾ ਸਕਦੀ, ਜਾਂ ਅਜਿਹੇ ਖਾਤੇ ਵਿੱਚ ਵੀ ਨਹੀਂ ਰੱਖੀ ਜਾ ਸਕਦੀ ਜਿਹੜਾ ਲਾਭ-ਪਾਤਰ ਨਾਲ ਸਾਂਝਾ ਹੋਵੇ। ਟਰੱਸਟੀ ਨੂੰ ਕਦੇ ਵੀ ਆਪਣੇ ਪੈਸੇ ਟਰੱਸਟ ਦੇ ਪੈਸਿਆਂ ਨਾਲ ਰਲ਼ਣ ਨਹੀਂ ਦੇਣੇ ਚਾਹੀਦੇ। ਟਰੱਸਟ ਖਾਤੇ ਵਾਸਤੇ ਟਰੱਸਟੀ ਤੋਂ ਬਿਨਾਂ ਕਿਸੇ ਵੀ ਹੋਰ ਕੋਲ ਦਸਤਖਤ ਕਰਨ ਦੇ ਅਧਿਕਾਰ ਨਹੀਂ ਹੋਣੇ ਚਾਹੀਦੇ। ਜੇ ਵਸੀਅਤ ਵਿੱਚ ਵੱਖਰੀ ਹਿਦਾਇਤ ਨਾ ਹੋਵੇ ਤਾਂ ਟਰੱਸਟ ਦਸਤਾਵੇਜ਼ ਅਨੁਸਾਰ ਸਥਾਪਤ ਕੀਤੇ ਹਰ ਟਰੱਸਟ ਵਾਸਤੇ ਇਕ ਵੱਖਰਾ ਖਾਤਾ ਖੋਲ੍ਹਿਆ ਜਾਣਾ ਚਾਹੀਦਾ ਹੈ। ਕੋਈ ਵੀ ਵੱਡੀ ਬੈਂਕ ਜਾਂ ਕਰੈਡਿੱਟ ਯੂਨੀਅਨ ਜਾਂ ਟਰੱਸਟ ਕੰਪਨੀ ਟਰੱਸਟੀ ਦੀ ਟਰੱਸਟ ਖਾਤਾ ਖੋਲ੍ਹਣ ਵਿੱਚ ਮਦਦ ਕਰ ਸਕਦੀ ਹੈ। ਕਿਰਪਾ ਕਰਕੇ ਇਹ ਜਾਨਣ ਲਈ ਆਪਣੇ ਵਿੱਤੀ ਅਦਾਰੇ ਨਾਲ ਸੰਪਰਕ ਕਰੋ ਕਿ ਟਰੱਸਟ ਦਾ ਖਾਤਾ ਖੋਲ੍ਹਣ ਵਾਸਤੇ ਤੁਹਾਨੂੰ ਕਿਹੜੀ ਚੀਜ਼ ਦੀ ਜ਼ਰੂਰਤ ਹੈ।

## ਟਰੱਸਟੀ ਕਿਹੜੇ ਨਿਵੇਸ਼ ਕਰ ਸਕਦਾ ਹੈ?

ਟਰੱਸਟੀ ਲਈ ਜ਼ਰੂਰੀ ਹੈ ਕਿ ਉਹ ਟਰੱਸਟ ਦੇ ਪੈਸੇ ਟਰੱਸਟ ਦਸਤਾਵੇਜ਼ ਵਿੱਚ ਦਿੱਤੀ ਸੇਧ ਅਨੁਸਾਰ ਨਿਵੇਸ਼ ਕਰੇ। ਜੇ ਟਰੱਸਟ ਦਸਤਾਵੇਜ਼ ਵਿਸ਼ੇਸ਼ ਤੌਰ 'ਤੇ ਕੋਈ ਸੇਧ ਨਹੀਂ ਦਿੰਦਾ ਕਿ ਇਹ ਪੈਸੇ ਕਿਸ ਤਰ੍ਹਾਂ ਨਿਵੇਸ਼ ਕਰਨੇ ਹਨ, ਤਾਂ ਜ਼ਰੂਰੀ ਹੈ ਕਿ ਟਰੱਸਟੀ *ਟਰੱਸਟੀ ਐਕਟ* ਦੇ ਸੈਕਸ਼ਨ 15.1 ਤੋਂ 15.5 ਵਿੱਚ ਦਿੱਤੇ ਨਿਯਮਾਂ ਅਨੁਸਾਰ ਨਿਵੇਸ਼ ਕਰੇ। ਟਰੱਸਟੀ ਤੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਉਹ ਪੈਸੇ ਨਿਵੇਸ਼ ਕਰਨ ਸਮੇਂ ਧਿਆਨ, ਜਾਚ, ਉੱਦਮ ਅਤੇ ਇਕ "ਸਿਆਣੇ ਪੂੰਜੀ ਨਿਵੇਸ਼ਕਾਰ" (ਪਰੂਡੈਂਟ ਇਨਵੈਸਟਰ) ਵਾਂਗ ਨਿਵੇਸ਼ ਕਰੇ। ਟਰੱਸਟੀ ਤੋਂ ਇਹ ਵੀ ਮੰਗ ਕੀਤੀ ਜਾਂਦੀ ਹੈ ਕਿ ਉਹ ਨਿਵੇਸ਼ ਬਾਰੇ ਆਪਣੀ ਯੋਜਨਾ ਜਾਂ ਜੁਗਤ ਤਿਆਰ ਕਰੇ ਜਿਹੜੀ ਲਿਖਤੀ ਰੂਪ ਵਿੱਚ ਹੋਣੀ ਚਾਹੀਦੀ ਹੈ। ਜਿਹੜਾ ਟਰੱਸਟੀ ਇਕ ਅਣਜਾਣ ਨਿਵੇਸ਼ਕਾਰ ਵਾਂਗ ਨਿਵੇਸ਼ ਕਰਦਾ ਹੈ ਉਸ ਨੂੰ ਟਰੱਸਟ ਨੂੰ ਪਏ ਕਿਸੇ ਵੀ ਘਾਟੇ ਲਈ ਜਾਤੀ ਤੌਰ 'ਤੇ ਕਸੂਰਵਾਰ ਮੰਨਿਆ ਜਾ ਸਕਦਾ ਹੈ ਅਤੇ ਪਏ ਘਾਟੇ ਨੂੰ ਉਸ ਕੋਲੋਂ ਵਸੂਲਿਆ ਜਾ ਸਕਦਾ ਹੈ।

ਟਰੱਸਟ ਦੀ ਜਾਇਦਾਦ ਦਾ ਨਿਵੇਸ਼ ਕਰਨ ਸਮੇਂ ਟਰੱਸਟੀ ਨੂੰ ਸਲਾਹ ਮਸ਼ਵਰਾ ਲੈਣਾ ਚਾਹੀਦਾ ਹੈ। ਇਸ ਗੱਲ ਦਾ ਫੈਸਲਾ ਕਰਨ ਲਈ ਕਿ ਕੀਤਾ ਜਾ ਰਿਹਾ ਨਿਵੇਸ਼ ਸਹੀ ਹਾਂ ਜਾਂ ਨਹੀਂ, ਇਹ ਕੁਝ ਗੱਲਾਂ ਵਿਚਾਰੀਆਂ ਜਾਣੀਆਂ ਚਾਹੀਦੀਆਂ ਹਨ:

- ਨਿਵੇਸ਼ ਲਈ ਇਕ ਸੰਤੁਲਨ ਵਾਲੀ ਨੀਤੀ ਅਪਨਾਉਣੀ
- ਪੂੰਜੀ ਦੀ ਰੱਖਿਆ ਕਰਨੀ ਅਤੇ ਆਮਦਨ ਪੈਦਾ ਕਰਨੀ
- ਨਿਵੇਸ਼ ਸਮੇਂ ਢੁੱਕਵੇਂ ਖਤਰੇ ਅਤੇ ਕਮਾਈ ਦੇ ਨਿਸ਼ਾਨੇ ਚੁਣਨੇ
- ਨਿਵੇਸ਼ ਵਿੱਚ ਵਾਜਬ ਵੱਖਰੇਵੇਂ ਰੱਖਣੇ
- ਦਲਾਲਾਂ (ਏਜੰਟਾਂ) ਨੂੰ ਜ਼ਿੰਮੇਵਾਰੀ ਦੇਣ ਸਮੇਂ ਸਾਵਧਾਨੀ ਵਰਤਣੀ
- ਸਿਰਫ ਵਾਜਬ ਅਤੇ ਢੁੱਕਵੇਂ ਖਰਚੇ ਕਰਨੇ

## ਕੀ ਟਰੱਸਟੀ ਟਰੱਸਟ ਦੀ ਪੂੰਜੀ ਤੱਕ ਪਹੁੰਚ ਕਰ ਸਕਦਾ ਹੈ?

ਲਾਭ-ਪਾਤਰ ਵਾਸਤੇ ਟਰੱਸਟ ਵਿੱਚ ਰੱਖੇ ਹੋਏ ਪੈਸਿਆਂ ਦੇ ਮੂਲ ਨੂੰ ਵਰਤਣ ਸਮੇਂ ਟਰੱਸਟੀ ਨੂੰ ਟਰੱਸਟ ਦਸਤਾਵੇਜ਼ ਦੀ ਸੇਧ ਅਨੁਸਾਰ ਚੱਲਣਾ ਚਾਹੀਦਾ ਹੈ। ਜੇ ਟਰੱਸਟ ਦਸਤਾਵੇਜ਼ ਵਿਸ਼ੇਸ਼ ਤੌਰ 'ਤੇ ਇਸ ਗੱਲ ਦੀ ਆਗਿਆ ਨਹੀਂ ਦਿੰਦਾ ਤਾਂ ਪੈਸੇ ਨਾ ਵਰਤੇ ਜਾਣ। ਟਰੱਸਟ ਦਸਤਾਵੇਜ਼ ਕਹਿ ਸਕਦਾ ਹੈ ਕਿ ਟਰੱਸਟੀ, ਆਪਣੀ ਮਰਜ਼ੀ ਨਾਲ, ਟਰੱਸਟ ਦੀ ਆਮਦਨ ਜਾਂ ਟਰੱਸਟ ਦੇ ਮੂਲ ਦਾ ਕੁਝ ਹਿੱਸਾ, ਜਿਸ ਤਰ੍ਹਾਂ ਉਹ ਠੀਕ ਸਮਝੇ, ਲਾਭ-ਪਾਤਰ ਦੇ ਫਾਇਦੇ ਵਾਸਤੇ ਵਰਤ ਸਕਦਾ ਹੈ। ਟਰੱਸਟ ਦਸਤਾਵੇਜ਼ ਵਿੱਚ ਵਿਸ਼ੇਸ਼ ਮਕਸਦ ਦਰਜ ਕੀਤੇ ਹੋ ਸਕਦੇ ਹਨ ਜਿਨ੍ਹਾਂ ਵਾਸਤੇ ਟਰੱਸਟੀ ਆਮਦਨ ਅਤੇ ਮੂਲ ਵਿੱਚੋਂ ਅਦਾਇਗੀ ਕਰ ਸਕਦਾ ਹੈ। ਜੇ ਟਰੱਸਟੀ ਨੂੰ ਆਪਣੀ ਮਰਜ਼ੀ ਵਰਤਣ ਬਾਰੇ ਸ਼ੱਕ ਹੋਵੇ ਜਾਂ ਮੂਲ ਦੀ ਵਰਤੋਂ ਬਾਰੇ ਪੱਕਾ ਪਤਾ ਨਾ ਹੋਵੇ, ਤਾਂ ਵਕੀਲ ਕੋਲੋਂ ਸਲਾਹ ਲੈਣੀ ਚਾਹੀਦੀ ਹੈ।

## ਟਰੱਸਟੀ ਟਰੱਸਟ ਦੇ ਪੈਸੇ ਕਿਸ ਨੂੰ ਦੇ (ਰਿਲੀਜ਼ ਕਰ) ਸਕਦਾ ਹੈ?

ਸਿਰਫ ਹੇਠ ਲਿਖੀਆਂ ਹਾਲਤਾਂ ਵਿੱਚ ਹੀ ਪੈਸੇ ਕਿਸੇ ਤੀਜੀ ਧਿਰ ਨੂੰ ਦਿੱਤੇ ਜਾ ਸਕਦੇ ਹਨ:

- ਲਾਭ-ਪਾਤਰ ਵਾਸਤੇ ਚੀਜ਼ਾਂ ਤੇ ਸੇਵਾਵਾਂ ਦੇਣ ਵਾਲੇ ਵਿਅਕਤੀਆਂ ਨੂੰ
- ਜਿੱਥੇ ਕਾਨੂੰਨੀ ਤੌਰ 'ਤੇ ਜ਼ਰੂਰਤ ਹੋਵੇ
- ਜਿਸ ਲਾਭ-ਪਾਤਰ ਵਾਸਤੇ ਟਰੱਸਟ ਸਥਾਪਤ ਕੀਤਾ ਗਿਆ ਹੈ ਉਸ ਦੀ ਨੁਮਾਇੰਦਗੀ ਕਰਨ ਵਾਲੇ ਕਾਨੂੰਨੀ ਅਧਿਕਾਰੀ ਨੂੰ (ਪਾਵਰ ਆਫ ਅਟਾਰਨੀ, ਲੀਗਲ ਗਾਰਡੀਅਨ, ਕਮੇਟੀ, ਨੁਮਾਇੰਦਾ)।
- ਟਰੱਸਟ ਦੇ ਸਹੀ ਅਤੇ ਢੁੱਕਵੇਂ ਖਰਚਿਆਂ ਵਾਸਤੇ।

ਕਿਸੇ ਵੀ ਅਢੁੱਕਵੇਂ ਜਾਂ ਨਾ ਮਨਜ਼ੂਰਸ਼ੁਦਾ ਤਰੀਕੇ ਨਾਲ ਦਿੱਤੇ (ਰਿਲੀਜ਼ ਕੀਤੇ) ਗਏ ਜਾਂ ਕਿਸੇ ਅਢੁੱਕਵੇਂ ਵਿਅਕਤੀ ਨੂੰ ਦਿੱਤੇ ਗਏ ਪੈਸਿਆਂ ਦੇ ਕਾਰਨ ਪਏ ਘਾਟੇ ਵਾਸਤੇ ਟਰੱਸਟੀ ਨੂੰ ਜਾਤੀ ਤੌਰ 'ਤੇ ਜਵਾਬਦੇਹ ਮੰਨਿਆ ਜਾਵੇਗਾ। ਦਸਤਾਵੇਜ਼ ਵਿੱਚ ਦਰਜ ਕੀਤੇ ਵਿਅਕਤੀਆਂ ਤੋਂ ਬਿਨਾਂ ਜੇ ਟਰੱਸਟੀ ਨੂੰ ਪੈਸੇ ਰਿਲੀਜ਼ ਕਰਨ ਸਬੰਧੀ ਕੋਈ ਸ਼ੱਕ ਹੋਵੇ ਤਾਂ ਉਸ ਨੂੰ ਵਕੀਲ ਤੋਂ ਸਲਾਹ ਲੈਣੀ ਚਾਹੀਦੀ ਹੈ।

## ਜੇ ਕੋਈ ਟਰੱਸਟ ਦਾ ਲਾਭ-ਪਾਤਰ ਹੋਵੇ ਤਾਂ ਕੀ ਉਹਨੂੰ ਮਿਲਣ ਵਾਲੇ ਡਿਸਏਬਿਲਟੀ ਭੱਤਿਆਂ ’ਤੇ ਕੋਈ ਅਸਰ ਪੈ ਸਕਦਾ ਹੈ?

ਡਿਸਏਬਿਲਟੀ ਵਾਲੇ ਵਿਅਕਤੀਆਂ ਲਈ ਇੰਪਲੋਏਮੈਂਟ ਅਤੇ ਅਸਿਸਟੈਂਸ (ਈ ਏ ਪੀ ਡੀ) ਭੱਤੇ ਜਿਹੜੇ ਮਨਿਸਟਰੀ ਆਫ ਇੰਪਲੋਏਮੈਂਟ ਅਤੇ ਇਨਕਮ ਅਸਿਸਟੈਂਸ (ਐਮ ਈ ਆਈ ਏ) ਵਲੋਂ ਦਿੱਤੇ ਜਾਂਦੇ ਹਨ, ਉਨ੍ਹਾਂ ਲਈ ਇਹ ਗੱਲ ਐਮ ਈ ਆਈ ਏ ਦੀ ਨੀਤੀ ’ਤੇ ਅਤੇ ਇਸ ਗੱਲ ਉੱਪਰ ਨਿਰਭਰ ਕਰਦੀ ਹੈ ਕਿ ਟਰੱਸਟੀ ਆਪਣੀ ਮਰਜ਼ੀ ਨਾਲ ਪੈਸਿਆਂ ਦੀ ਵਰਤੋਂ ਕਰ ਸਕਦਾ ਹੈ ਜਾਂ ਨਹੀਂ। ਜੇ ਟਰੱਸਟ ਵਿੱਚ ਮਰਜ਼ੀ ਕਰਨ ਦਾ ਅਧਿਕਾਰ ਹੈ ਤਾਂ ਬੀ ਸੀ ਦੇ *ਇੰਪਲੋਏਮੈਂਟ ਅਤੇ ਅਸਿਸਟੈਂਸ ਫਾਰ ਪਰਸਨਜ਼ ਵਿੱਦ ਡਿਸਏਬਿਲਟੀ ਐਕਟ* ਅਧੀਨ ਆਮ ਤੌਰ ’ਤੇ ਭੱਤਿਆਂ ’ਤੇ ਕੋਈ ਅਸਰ ਨਹੀਂ ਪਵੇਗਾ, ਜੇ ਐਮ ਈ ਆਈ ਏ ਦੇ ਨਿਯਮਾਂ ਅਨੁਸਾਰ ਚੱਲਿਆ ਜਾਵੇ।

ਸੰਭਵ ਹੈ ਕਿ ਦੂਸਰੀਆਂ ਕਿਸਮਾਂ ਦੇ ਡਿਸਏਬਿਲਟੀ ਭੱਤਿਆਂ (ਸੀ ਪੀ ਪੀ, ਡਬਲਿਊ ਸੀ ਬੀ, ਪ੍ਰਾਈਵੇਟ ਲਾਂਗ-ਟਰਮ ਡਿਸਏਬਿਲਟੀ ਬੈਨਿਫਿੱਟਸ ਆਦਿ) ਵਾਸਤੇ ਕੁਝ ਰੋਕਾਂ ਹੋਣ ਕਿ ਲਾਭ-ਪਾਤਰ ਟਰੱਸਟ ਤੋਂ ਕੀ ਪ੍ਰਾਪਤ ਕਰ ਸਕਦਾ ਹੈ ਜਾਂ ਕੀ ਨਹੀਂ।

## ਟਰੱਸਟ ਕਿੰਨਾ ਚਿਰ ਰਹਿੰਦਾ ਹੈ?

ਟਰੱਸਟ ਟਰੱਸਟ ਦੇ ਦਸਤਾਵੇਜ਼ ਵਿੱਚ ਦਿੱਤੇ ਸਮੇਂ ਤੱਕ ਰਹਿੰਦਾ ਹੈ ਜਾਂ ਪੈਸੇ ਖਤਮ ਹੋ ਜਾਣ ਤੱਕ।

## ਹੋਰ ਜਾਣਕਾਰੀ

ਟਰੱਸਟੀ ਐਕਟ ਦੀ ਕਾਪੀ ਲੈਣ ਵਾਸਤੇ ਕੁਈਨ ਪ੍ਰਿੰਟਰਜ਼ ਦੀ ਵੈੱਬਸਾਈਟ : www.qp.gov.bc.ca/statreg/default.htm. ’ਤੇ ਜਾਵੋ।

ਕਾਨੂੰਨੀ ਸਲਾਹ ਮਸ਼ਵਰੇ ਵਾਸਤੇ ਕਨੇਡੀਅਨ ਬਾਰ ਅਸੋਸੀਏਸ਼ਨ ਦੀ ਲਾਇਅਰ ਰੈਫਰਲ ਸਰਵਿਸ ਨਾਲ ਸੰਪਰਕ ਕਰੋ: 604-687-3221 ਜਾਂ 1-800-663-1919 (ਲੋਅਰ ਮੇਨਲੈਂਡ ਦੇ ਬਾਹਰੋਂ ਮੁਫਤ)

ਪਬਲਿਕ ਗਾਰਡੀਅਨ ਅਤੇ ਟਰੱਸਟੀ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਵੈੱਬਸਾਈਟ www.trustee.bc.ca ’ਤੇ ਆਵੋ ਜਾਂ ਸਾਡੇ ਨਾਲ ਸੰਪਰਕ ਕਰੋ:


ਪਬਲਿਕ ਗਾਰਡੀਅਨ ਅਤੇ ਟਰੱਸਟੀ
Public Guardian and Trustee
700 – 808 West Hastings Street
Vancouver, BC  V6C 3L3
ਫੋਨ: (604) 660-4444
ਫੈਕਸ: (604) 660-0374
ਈਮੇਲ: mail@trustee.bc.ca


July 2005